# ਪਾਲੀ ਭੁਪਿੰਦਰ ਸਿੰਘ ਦਾ ਨਾਟਕ 'ਟੈੱਰਰਿਸਟ ਦੀ ਪ੍ਰੇਮਿਕਾ' : ਵਿਸ਼ੈਗਤ ਸਰੋਕਾਰ

ਡਾ.ਰਵਿੰਦਰ ਸਿੰਘ

ਪਾਲੀ ਭੁਪਿੰਦਰ ਸਿੰਘ ਸਮਕਾਲੀ ਪੰਜਾਬੀ ਨਾਟਕਕਾਰਾਂ ਵਿਚੋਂ ਇਕ ਬਹੁਚਰਚਿੱਤ ਨਾਟਕਕਾਰ ਹੈ। ਉਸਦੇ ਨਾਟਕਾਂ ਦਾ ਸਰੋਕਾਰ ਸਮਕਾਲੀ ਸਮੱਸਿਆਵਾਂ ਨੂੰ ਬਹੁਤ ਗੰਭੀਰਤਾ ਨਾਲ ਵਿਚਾਰ ਕੇ ਮੰਚ ਉੱਪਰ ਪੇਸ਼ ਕਰਨ ਨਾਲ ਹੈ। ਨਾਟਕ ਲਿਖਣ ਅਤੇ ਪ੍ਰਸਤੁਤੀ ਦੀ ਤਕਨੀਕ ਪਖੋਂ ਬਹੁਤ ਪ੍ਰੌੜਤਾ ਅਤੇ ਵਿਸ਼ੈਗਤ ਸਮੱਸਿਆਵਾਂ ਦੀ ਬੌਧਿਕ ਪਕੜ ਉਸਨੂੰ ਸਮਕਾਲ ਦੇ ਹੋਰਨਾਂ ਨਾਟਕਕਾਰਾਂ ਨਾਲੋਂ ਵੱਖਰਾ ਖੜਾ ਕਰ ਦਿੰਦੀ ਹੈ।

ਉਸਦਾ ਹੱਥਲਾ ਨਾਟਕ 'ਟੈੱਰਰਿਸਟ ਦੀ ਪ੍ਰੇਮਿਕਾ', ਜੋ ਹਾਲੇ ਅਣਪ੍ਰਕਾਸ਼ਤ ਹੀ ਹੈ ਅਤੇ ਅਧਿਐਨ ਲਈ ਇਸਦਾ ਖਰੜਾ ਪੰਜਾਬੀ ਅਕਾਦਮੀ, ਦਿੱਲੀ ਤੋਂ ਪ੍ਰਾਪਤ ਹੋਇਆ ਹੈ, ਅੱਤਵਾਦ ਦੇ ਵਾਤਾਵਰਣ ਵਿਚੋਂ ਉੱਪਜਣ ਵਾਲੀਆਂ ਗੰਭੀਰ ਅਤੇ ਅਣਛੁਹੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਵੱਲ ਰੁਚਿਤ ਹੁੰਦਾ ਹੈ। ਅੱਤਵਾਦ ਦਾ ਸਮਾਂ ਭਾਵੇਂ ਪੰਜਾਬ ਵਿਚ ਬਹੁਤ ਕੌੜੀਆਂ ਯਾਦਾਂ ਛੱਡਕੇ ਗਿਆ ਹੈ ਪਰ ਇਸ ਦੌਰ ਨੇ ਮਾਨਵੀ ਸੰਵੇਦਨਾਵਾਂ ਵਿਚ ਬਹੁਤ ਤਦਬੀਲੀਆਂ ਵੀ ਵੇਖੀਆਂ ਹਨ। ਪੰਜਾਬ ਦੇ ਜੋ ਲੋਕ ਆਪਸੀ ਸਾਂਝ ਅਤੇ ਭਰੋਸੇਯੋਗਤਾ ਦੀ ਮਿਸਾਲ ਸਨ, ਇਸ ਦੌਰ ਤੋਂ ਬਾਅਦ ਬੇਵਸਾਹੀ ਅਤੇ ਅੰਤਾਂ ਦੀ ਟੁੱਟ-ਭੱਜ ਦੇ ਸ਼ਿਕਾਰ ਹੋਏ। ਸਹੀ-ਗ਼ਲਤ ਨੂੰ ਪਰਖਣ ਦੀ ਪਛਾਣ ਵੀ ਬਦਲ ਗਈ।

ਇਸ ਨੂੰ ਤੈਅ ਕਰਨ ਦੇ ਪੈਮਾਨੇ ਵੀ ਫਿਰਕਿਆਂ ਦੀਆਂ ਵੰਡੀਆਂ ਵਿਚ ਵੰਡੇ ਗਏ ਅਤੇ ਇਨਸਾਫ ਦੀ ਗੱਲ ਇਕ ਦੂਰ ਦਾ ਸੁਫਨਾ ਬਣਕੇ ਰਹਿ ਗਈ। ਸਮਾਂ ਪਾਕੇ ਕਈ ਗੱਲਾਂ ਦਾ ਨਿਤਾਰਾ ਵੀ ਹੋਇਆ ਪਰ ਬਦਲੇ ਹਾਲਾਤ ਵਿਚ ਦੋਹਾਂ ਧਿਰਾਂ (ਸਰਕਾਰ ਅਤੇ ਅੱਤਵਾਦੀ) ਦੀ ਅਸਲੀਅਤ ਨੂੰ ਤਾਰਕਿਕ ਅਤੇ ਸੰਤੁਲਿਤ ਢੰਗ ਨਾਲ ਬਿਆਨ ਕਰਨ ਦੀ ਜੁਅਰੱਤ ਬਹੁਤ ਘੱਟ ਲੇਖਕ ਹੀ ਕਰ ਪਾਏ ਹਨ। ਪਾਲੀ ਭੁਪਿੰਦਰ ਸਿੰਘ ਦਾ ਨਾਂਅ ਉਨ੍ਹਾਂ ਸੰਜੀਦਾ ਨਾਟਕਕਾਰਾਂ ਵਿਚ ਸ਼ੁਮਾਰ ਹੈ ਜਿਸਨੇ ਉਸ ਸਮੱਸਿਆਗ੍ਰਸਤ ਸਥਿਤੀ ਨੂੰ ਸੰਵੇਦਨਸ਼ੀਲਤਾ ਨਾਲ ਹੰਢਾਉਂਦਿਆਂ ਹੋਇਆਂ ਕੁਝ ਕੌੜੀਆਂ ਗੱਲਾਂ ਨੂੰ ਪੇਸ਼ ਕਰਨ ਦੀ ਜੁਅਰੱਤ ਕੀਤੀ ਹੈ।

ਨਾਟਕਕਾਰ ਨੇ ਆਪਣੇ ਵਿਸ਼ੇ ਦੀ ਪੇਸ਼ਕਾਰੀ ਲਈ ਜਿਨ੍ਹਾਂ ਸਥਿਤੀਆਂ ਅਤੇ ਪਰਿਸਥਿਤੀਆਂ ਨੂੰ ਨਾਟਕੀ ਕਾਰਜ ਦਾ ਅਧਾਰ ਬਣਾਇਆ ਹੈ ਉਹ ਸਭ ਕੁਝ ਕਿਸੇ ਇਕ ਖਿੱਤੇ ਦੀ ਅੱਤਵਾਦੀ ਸਮੱਸਿਆ ਤੱਕ ਹੀ ਸੀਮਤ ਨਹੀਂ ਰਹਿੰਦੀਆਂ ਸਗੋਂ ਉਨ੍ਹਾਂ ਦੇ ਸਰੋਕਾਰ ਵਿਆਪਕ ਤੌਰ 'ਤੇ ਉਨ੍ਹਾਂ ਸਾਰਿਆਂ ਖਿੱਤਿਆਂ ਤੱਕ ਜਾ ਮਿਲਦੇ ਹਨ ਜਿਹੜੇ ਇਸ ਸਮੱਸਿਆ ਨਾਲ ਜੂਝ ਰਹੇ ਹਨ। ਭਾਵ ਇਹ ਕਿ ਇਹ ਨਾਟਕ ਸਿਰਫ ਪੰਜਾਬ ਦੇ ਸੰਦਰਭ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ

ਅੱਤਵਾਦ ਨਾਲ ਜੁੜੇ ਸਮੁੱਚੇ ਪਰਿਵੇਸ਼ ਨੂੰ ਆਪਣੀ ਨਾਟਕੀ ਪੇਸ਼ਕਾਰੀ ਲਈ ਵਰਤਦਾ ਹੈ। ਅੱਤਵਾਦ ਆਧੁਨਿਕ ਕਾਲ ਦੀ ਹੀ ਦੇਣ ਹੈ ਭਾਵੇਂ ਕਿ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਲੜਾਈ ਲਈ ਇਹ ਰਾਹ ਬਹੁਤ ਪਹਿਲਾਂ ਤੋਂ ਕੁਦਰਤੀ ਤੌਰ ‘ਤੇ ਅਪਣਾਇਆ ਜਾਂਦਾ ਰਿਹਾ ਹੈ ਪਰ ਅਜੋਕੇ ਸਮੇਂ ਵਿਚ ਇਸਦੇ ਅਰਥ ਬਦਲ ਗਏ ਹਨ। ਆਪਣੀਆਂ ਮੰਗਾਂ ਮਨਵਾਉਣ ਦਾ ਇਹ ਤਰੀਕਾ ਭਾਵੇਂ ਮਨੁੱਖ ਦੇ ਆਦਿ ਕਾਲੀ ਪਸ਼ੂ-ਬਿਰਤੀ ਵਾਲੇ ਇਤਿਹਾਸ ਜਿੰਨਾਂ ਪੁਰਾਣਾ ਹੈ ਪਰ ਆਪਣੇ ਹੱਕਾਂ ਅਤੇ ਅਧਿਕਾਰਾਂ ਬਾਰੇ ਸੂਝ ਪੈਦਾ ਹੋਣ ਤੋਂ ਬਾਅਦ ਸਮਾਜਕ ਤੌਰ ‘ਤੇ ਭਿੰਨਤਾਵਾਂ ਵਿਚ ਵੰਡੇ ਹੋਈ ਵਿਵਸਥਾ ਨੇ ਬਹੁਤ ਸੰਕਟਮਈ ਸਥਿਤੀ ਪੈਦਾ ਕਰ ਦਿੱਤੀ ਹੈ। ਕਿਸੇ ਇਕ ਸਮਾਜਕ ਪ੍ਰਬੰਧ ਜਾਂ ਫਿਰਕੇ ਲਈ ਜੋ ਹੱਕ ਅਤੇ ਜਾਇਜ਼ ਲਗਦੇ ਹਨ ਤਾਂ ਕਿਸੇ ਦੂਜੇ ਲਈ ਉਹ ਨਾਜਾਇਜ਼ ਵੀ ਹੋ ਸਕਦੇ ਹਨ।

ਜਾਇਜ਼ ਅਤੇ ਨਾਜਾਇਜ਼ ਨੂੰ ਪਰਖਣ ਅਤੇ ਸਹੀ ਗ਼ਲਤ ਦਾ ਨਿਰਣਾ ਕਰਨਾ ਜਿਸ ਤਾਕਤ ਜਾਂ ਸ਼ਕਤੀਵਾਨ ਧਿਰ ਦੇ ਹੱਥ ਵਿਚ ਹੁੰਦੀ ਹੈ ਉਸ ਉੱਪਰ ਬਹੁ-ਗਿਣਤੀ ਹੋਣ ਕਰਕੇ ਸ਼ੱਕ ਅਤੇ ਸ਼ੁਬਾ ਵਾਲਾ ਨਜ਼ਰੀਆ ਪੈਦਾ ਹੋਣਾ ਵੀ ਸੁਭਾਵਕ ਹੀ ਹੈ। ਅਜਿਹੀ ਸਥਿਤੀ ਵਿਚ ਜਦ ਸਿਆਸੀ ਤਾਕਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਧਰਮ ਅਤੇ ਸਮਾਜ ਦੀਆਂ ਵੱੰਡੀਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦਾ ਜਤਨ ਕਰਦੀਆਂ ਹਨ ਤਾਂ ਸਮਾਜ ਵਿਚ ਨਿਰਾਸ਼ਾ ਅਤੇ ਬੇਵਸਾਹੀ ਦਾ ਮਾਹੌਲ ਪੈਦਾ ਹੋ ਜਾਂਦਾ ਹੈ। ਅਜਿਹੇ ਮਾਹੌਲ ਵਿਚ ਹਰ ਧਿਰ ਨੂੰ ਆਪਣਾ ਪੱਖ ਹੀ ਠੀਕ ਲਗਦਾ ਹੈ। ਸਿਆਸੀ ਸੂਝ ਦੀ ਘਾਟ ਅਤੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਕਰਨ ਦੀ ਬਿਰਤੀ ਕਾਰਣ ਅਜੋਕੇ ਸਮਾਜ ਵਿਚ ਇਹੋ ਜਿਹੀ ਬੇਚੈਨੀ ਨੇ ਬਦਅਮਨੀ ਨੂੰ ਅੰਜਾਮ ਦਿੱਤਾ ਹੈ। ਜਿਸਦੇ ਫਲਸਰੂਪ ਅੱਤਵਾਦ ਪੈਦਾ ਹੋਇਆ। ਅੱਤਵਾਦ ਸਿਰਫ ਸਰਕਾਰ ਵਿਰੋਧੀ ਧਿਰ ਦਾ ਹੀ ਨਹੀਂ ਸਗੋਂ ਉਸਨੂੰ ਕੁਚਲਣ ਜਾਂ ਦਬਾਉਣ ਵਿਚ ਲੱਗੀ ਸੱਤਾਧਾਰੀ ਸਰਕਾਰੀ ਧਿਰ ਦਾ ਵੀ ਹੁੰਦਾ ਹੈ। ਇਹੋ ਮਸਲਾ ਹੈ ਜਿਸਨੂੰ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਨੇ ਆਪਣੇ ਨਾਟਕ ‘ਟੈੱਰਰਿਸਟ ਦੀ ਪ੍ਰੇਮਿਕਾ’ ਵਿਚ ਉਠਾਉਣ ਦਾ ਉਪਰਾਲਾ ਕੀਤਾ ਹੈ।

ਪਾਲੀ ਭੁਪਿੰਦਰ ਦੇ ਨਾਟਕ 'ਟੈੱਰਰਿਸਟ ਦੀ ਪ੍ਰੇਮਿਕਾ' ਵਿਚ ਅਜੋਕੇ ਰਾਜਨੀਤਕ ਪ੍ਰਬੰਧ ਹੇਠ ਪੈਦਾ ਹੋਈਆਂ ਸਥਿਤੀਆਂ ਵਿਚ ਪੁਲੀਸ ਜਾਂ ਸਰਕਾਰੀ ਮਸ਼ੀਨਰੀ ਅਤੇ ਅੱਤਵਾਦੀ ਜਾਂ ਸਰਕਾਰ ਦੀਆਂ ਨੀਤੀਆਂ ਦੇ ਵਿਰੋਧੀ, ਦੋਵੇਂ ਧਿਰਾਂ ਕਸੂਰਵਾਰ ਹਨ ਅਤੇ ਅੱਤਵਾਦੀ ਵੀ ਸਾਬਿਤ ਹੁੰਦੀਆਂ ਹਨ। ਜਦ ਕਿਸੇ ਰਾਜਨੀਤਕ ਪ੍ਰਬੰਧ ਦੀਆਂ ਨੀਤੀਆਂ ਦਾ ਵਿਰੋਧ ਫਿਰਕੂ ਲੀਹਾਂ ਉੱਪਰ ਕੀਤਾ ਜਾਂਦਾ ਹੈ ਤਾਂ ਉਸ ਸੰਘਰਸ਼ ਦਾ ਸਰੂਪ ਸਹਿਜੇ ਹੀ ਫਿਰਕੂ ਦਹਿਸ਼ਤਗਰਦੀ ਵਾਲਾ ਕਰਾਰ ਦਿੱਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਸਰਕਾਰ ਉਸ ਸੰਘਰਸ਼ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਹਥਿਆਰਾਂ ਅਤੇ

ਸਾਜ਼ਿਸ਼ਾਂ ਦੀ ਵਰਤੋਂ ਕਰਦੀ ਹੈ ਅਤੇ ਇਸੇ ਜਾਲ ਵਿਚ ਫੱਸ ਕੇ ਸੱਤਾ ਦਾ ਵਿਰੋਧ ਕਰਨ ਵਾਲੇ ਹਿੰਸਾ ਉੱਪਰ ਉਤਰ ਆਉਂਦੇ ਹਨ।

ਦਹਿਸ਼ਤਗਰਦੀ ਹਿੰਸਾ ਦੇ ਦੌਰ ਬਾਰੇ ਲਿਖੇ ਇਸ ਨਾਟਕ ਦੇ ਤਿੰਨ ਮੁੱਖ ਪਾਤਰ ਹਨ ਦੇਵ, ਅਨੀਤ ਅਤੇ ਅਜਨਬੀ (ਟੈੱਰਰਿਸਟ)। ਨਾਟਕਕਾਰ ਨੇ ਇਨ੍ਹਾਂ ਤਿੰਨਾਂ ਦੀ ਚੋਣ ਆਪਣੇ ਨਾਟਕ ਦੇ ਵਿਸ਼ੇ ਨੂੰ ਬਹੁਤ ਸਟੀਕ ਅਤੇ ਸਪਸ਼ਟਤਾ ਨਾਲ ਪੇਸ਼ ਕਰਨ ਲਈ ਕੀਤੀ ਹੈ। ਇਹ ਤਿੰਨ ਕਿਰਦਾਰ ਨਾਟਕ ਦੀ ਬਣਤਰ ਦੇ ਮੁਤਾਬਕ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਪੇਸ਼ ਕਰਦੇ ਹਨ। ਦੇਵ ਪੁਲੀਸ ਵਿਚ ਡੀ ਐਸ ਪੀ ਹੈ ਅਤੇ ਉਹ ਸਮਾਜ ਵਿਚ ਵਿਚਰਨ ਵਾਲਾ ਇਕ ਬਹੁਤ ਹੀ ਸਧਾਰਨ ਬੌਧਿਕ ਅਤੇ ਮਾਨਸਿਕ ਪ੍ਰਵਿਰਤੀ ਵਾਲਾ ਪਾਤਰ ਹੈ ਜੋ ਪੁਲੀਸ ਮਹਿਕਮੇ ਵਿਚ ਉੱਚੇ ਔਹਦੇ ਉੱਪਰ ਹੁੰਦਾ ਹੋਇਆ ਵੀ ਮਨੁੱਖ ਦੀਆਂ ਆਮ ਪ੍ਰਵਿਰਤੀਆਂ ਦਾ ਧਾਰਣੀ ਹੈ। ਉਹ ਘਰ ਅਤੇ ਬਾਹਰ ਦੇ ਜੀਵਨ ਵਿਚ ਪਰਦਾ ਰਖਦਾ ਹੈ ਤੇ ਝੂਠ ਵੀ ਬੋਲਦਾ ਹੈ। ਪੁਲੀਸ ਮਹਿਕਮੇ ਵਿਚ ਅਜੋਕੇ ਸਮੇਂ ਵਿਚ ਹੋਣ ਵਾਲੀਆਂ ਸਾਰੀਆਂ ਮਾੜੀਆਂ ਗੱਲਾਂ ਦੀ ਉਹ ਪ੍ਰਤੀਨਿਧਤਾ ਕਰਦਾ ਹੈ। ਭਾਵੇਂ ਉਹ ਮੁਜਰਿਮਾਂ ਨੂੰ ਥਾਣੇ ਵਿਚ ਤਸੀਹੇ ਦੇਣ ਦੀ ਗੱਲ ਹੋਵੇ, ਲਾਚਾਰ ਅਤੇ ਬੇਕਸੂਰ ਔਰਤ ਦੀ ਬੇਪੱਤੀ ਕਰਨ ਦੀ ਗੱਲ ਹੋਵੇ ਜਾਂ ਫਿਰ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਵਾਲੇ ਆਪਣੇ ਮਾਤਹਤ ਸਿਪਾਹੀਆਂ ਨੂੰ ਪਨਾਹ ਦੇਣ ਦੀ ਗੱਲ ਹੋਵੇ, ਹਰ ਤਰ੍ਹਾਂ ਦੀ ਚਾਲ ਬਾਜ਼ੀ ਵਿਚ ਉਹ ਨਿਪੁੰਨ ਹੈ। ਇਸ ਤਰ੍ਹਾਂ ਦਾ ਕਿਰਦਾਰ ਸਿਰਜ ਕੇ ਨਾਟਕਕਾਰ ਪਾਠਕਾਂ ਤੇ ਦਰਸ਼ਕਾਂ ਦੇ ਮਨ ਵਿਚ ਉਸ ਬਾਰੇ ਇਕ ਸ਼ਕਤੀਸ਼ਾਲੀ ਪੂਰਵ ਧਾਰਣਾਂ ਪੈਦਾ ਕਰ ਦਿੰਦਾ ਹੈ। ਇਸ ਪੂਰਵ ਧਾਰਣਾਂ ਦੇ ਚਲਦਿਆਂ ਪਾਠਕ ਤੇ ਦਰਸ਼ਕ ਉਸ ਵਲੋਂ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਬਾਰੇ ਪਹਿਲਾਂ ਹੀ ਚੇਤਨ ਮਹਿਸੂਸ ਕਰਦਾ ਹੈ।

ਦੂਜੇ ਪਾਸੇ ਉਸਦੀ ਪਤਨੀ ਹੈ, ਅਨੀਤ। ਅਨੀਤ ਦਾ ਕਿਰਦਾਰ ਪਤੀ ਉੱਪਰ ਪੂਰਾ ਯਕੀਨ ਰੱਖਣ ਵਾਲੀ ਇਕ ਐਸੀ ਔਰਤ ਦਾ ਕਿਰਦਾਰ ਹੈ ਜੋ ਮਨ ਵਿਚ ਨਵੀਂ ਵਿਆਹੀ ਔਰਤ ਵਾਲੇ ਸਾਰੇ ਚਾਅ ਅਤੇ ਰੀਝਾਂ ਨੂੰ ਪੂਰਾ ਕਰਨ ਦੀ ਲੋਚਾ ਰਖਦੀ ਹੈ। ਉਹ ਯਥਾਰਥ ਦੇ ਕੌੜੇ ਸੱਚ ਨੂੰ ਜਾਣਦਿਆਂ ਹੋਇਆਂ ਵੀ ਆਪਣੇ ਸੰਗੀਤਮਈ ਕਲਪਨਾ ਦੇ ਸੰਸਾਰ ਵਿਚ ਜੀਉਣਾ ਚਾਹੁੰਦੀ ਹੈ। ਉਹ ਇਕ ਬੇਹੱਦ ਸੰਵੇਦਨਸ਼ੀਲ ਅਤੇ ਬੌਧਿਕ ਪੱਧਰ 'ਤੇ ਸੂਝਵਾਨ ਔਰਤ ਹੈ ਜੋ ਨਿਰਪੱਖ ਹੋਕੇ ਸੋਚ ਵੀ ਸਕਦੀ ਹੈ ਅਤੇ ਆਪਣਾ ਸੁਤੰਤਰ ਫੈਸਲਾ ਵੀ ਲੈ ਸਕਦੀ ਹੈ।

ਅਨੀਤ ਕੁਦਰਤੀ ਨਜ਼ਾਰਿਆਂ ਦੀ ਦੁਨੀਆ ਵਿਚ ਲੀਨ ਹੋਕੇ ਰਹਿਣਾ ਚਾਹੁੰਦੀ ਹੈ ਅਤੇ ਉਸ ਅੰਦਰ ਪਿਆਰ ਦਾ ਜਜ਼ਬਾ ਵੀ ਭਰਿਆ ਪਿਆ ਹੈ। ਨਾਟਕ ਦੇ ਅਰੰਭ ਵਿਚ ਹੀ ਅਨੀਤ ਦੇ ਇਸ ਸੁਭਾ ਨੂੰ ਉਘਾੜਨ ਦਾ ਮਨੋਰਥ ਵੀ ਉਸਦੇ ਕਿਰਦਾਰ ਦੀ ਕੋਮਲਤਾ ਅਤੇ ਸੰਵੇਦਨਸ਼ੀਲਤਾ ਨੂੰ ਪੇਸ਼ ਕਰਨਾ ਹੈ। ਜਿਵੇਂ ਕਿ:

" ਅਨੀਤ: ਪਿਛਲੇ ਦੱਸ ਦਿਨਾਂ ਤੋਂ ਇਹੀ ਵੇਖ ਰਹੀ ਹਾਂ। ਖੜਕੀ ਖੋਲ੍ਹੋ ਤੇ ਗੋਲੀਆਂ-ਗੋਲਿਆ ਦੇ ਧਮਾਕੇ ਸੁਣਦੇ ਨੇ। ਹਾਏ ਅਸਮਾਨਾਂ ਨੂੰ ਛੂੰਹਦੇ ਪਹਾੜ...ਰੂੰ ਦੇ ਗੋਹੜਿਆਂ ਵਰਗੇ ਬੱਦਲ...ਪਹਾੜਾਂ ਉੱਤੇ ਮਾਣ ਨਾਲ ਸਿਰ ਚੁੱਕੀ ਖੜੇ ਦੇਵਦਾਰ ਤੇ ਚੀਲ੍ਹ ਦੇ ਦਰਖ਼ਤ...ਨਿੱਕੀ ਹੁੰਦੀ ਸੁਫ਼ਨਿਆਂ ਵਿਚ ਵੇਖਦੀ ਹੁੰਦੀ ਸਾਂ। ਜਦੋਂ ਤੁਹਾਡੀ ਇਸ ਇਲਾਕੇ ਵਿਚ ਪੋਸਟਿੰਗ ਹੋਈ ਮੈਂ ਬਹੁਤ ਖੁਸ਼ ਸਾਂ! ਪਰ ਇਨ੍ਹਾਂ ਅੱਤਵਾਦੀਆਂ ਨੇ ਮੇਰੇ ਸਾਰੇ ਸੁਪਨਿਆਂ ਦਾ ਨਾਸ ਮਾਰ ਦਿੱਤਾ ਹੈ। ਦੇਵ, ਇਨ੍ਹਾਂ ਨੂੰ ਡਰ ਨਹੀਂ ਲਗਦਾ?"

ਇਥੋਂ ਨਾਟਕ ਕਲਪਨਾ ਮਈ ਵਾਤਾਵਰਣ ਦੇ ਬਿਆਨ ਤੋਂ ਬਾਅਦ ਸਿੱਧਾ ਹੀ ਕੌੜੇ ਯਥਾਰਥ ਨਾਲ ਜੁੜ ਜਾਂਦਾ ਹੈ। ਅਤੇ ਦੇਵ, ਉਸਦਾ ਪਤੀ ਜੋ ਕਿ ਦਹਿਸ਼ਤਵਾਦ ਦੇ ਮਾਹੌਲ ਵਿਚ ਵਿਚਰ ਰਿਹਾ ਅਤੇ ਉਸ ਮਾਹੌਲ ਨੂੰ ਹੰਢਾ ਵੀ ਰਿਹਾ ਹੈ ਇਸ ਸਭ ਦਾ ਆਦੀ ਹੋ ਗਿਆ ਜਾਪਦਾ ਹੈ ਤੇ ਹੁਣ ਉਸਨੂੰ ਕੋਈ ਡਰ ਨਹੀਂ ਜਾਪਦਾ। ਉਹ ਅਨੀਤ ਨੂੰ ਵੀ ਇਸ ਮਾਹੌਲ ਦੇ ਅਨੁਕੂਲ ਹੋਣ ਦੀ ਸਲਾਹ ਦਿੰਦਾ ਹੈ:

"ਦੇਵ : ...ਇਸ ਕਿਤਾਬਾਂ-ਕਵਿਤਾਵਾਂ ਦੀ ਦੁਨੀਆ ਤੋਂ ਬਾਹਰ ਆ ਕੇ ਵੇਖੋ ਮੈਡਮ, ਇਹ ਦੁਨੀਆ ਉਤਨੀ ਖ਼ੂਬਸੂਰਤ ਨਹੀਂ, ਜਿੰਨੀ ਨਜ਼ਰ ਆਉਂਦੀ ਹੈ। ਤੂੰ ਜਿਸ ਨੂੰ ਪਹਾੜਾਂ ਦੇ ਸੁੰਦਰ ਨਜ਼ਾਰੇ ਸਮਝਦੀ ਹੈਂ, ਉਹ ਜੰਗ ਦਾ ਮੈਦਾਨ ਹੈ, ਜਿੱਥੇ ਇੱਕ ਤੋਂ ਵੱਧ ਇਕ ਖ਼ਤਰਨਾਕ ਅੱਤਵਾਦੀ ਫਿਰਦੇ ਨੇ।"

ਪਰ ਦੇਵ ਇਕ ਪੁਲੀਸ ਅਧਿਕਾਰੀ ਦਾ ਹੈ ਅਤੇ ਨਾਟਕਕਾਰ ਉਸਦੇ ਇਸ ਕਿਰਦਾਰ ਨੂੰ ਆਪਣੇ ਨਾਟਕੀ ਯਥਾਰਥ ਵਿਚ ਉਤਾਰਨ ਲਈ ਉਸਦੇ ਸੁਭਾਵਕ ਗੁਣਾਂ ਨੂੰ ਪੇਸ਼ ਕਰਨਾ ਸ਼ੁਰੂ ਕਰਦਾ ਹੈ:

“ਦੇਵ: ਸਾਲਾ ਸੌਰੀ ਦਾ। ਤੇ ਕੀ ਗੰਦ ਪਾਇਆ ਰਾਤ ਤੁਸੀਂ ਥਾਣੇ ਵਿਚ ? ਸਵੇਰ ਹੁੰਦੇ ਸਾਰ ਸਾਰੀ ਦਿੱਲੀ ਹਿੱਲ ਪਈ ਐ। ਕੌਣ ਸੀ ਉਹ ਜਨਾਨੀ ਤੇ ਸਟਾਫ ‘ਚੋਂ ਕੌਣ ਕੌਣ ਸੀ ਖੇਹ ਖਾਣ ਵਾਲਾ?”

“ਗੁਰਨਾਮ: …ਗਾਮਾ ਤੇ ਬਿੱਕਰ ਗੁਰਦਾਸਪੁਰੀਆ। ਜਿਹੜਾ ਗੋਪਾਲਪੁਰਿਓਂ ਏਰੀਆ ਕਮਾਂਡਰ ਚੁੱਕਿਆ ਸੀ ਆਪਾਂ, ਉਸ ਦੀ… ਵੱਡੀ ਭੈਣ ਸੀ। ਉਸਨੂੰ ਬੁਲਾਇਆ ਸੀ ਪੁੱਛ-ਗਿੱਛ ਨੂੰ ਪਰ ਪਤਾ ਨੀ ਕੀ ਮਨ ‘ਚ ਆਈ ਸਾਲਿਆਂ ਨੇ ਥਾਣਾ ਬੰਦ ਕਰ ਲਿਆ ਤੇ…ਸਾਰੀ ਰਾਤ…!”

ਇਥੋਂ ਇਕ ਪਾਸੇ ਜਿਥੇ ਦੇਵ ਦੇ ਕਿਰਦਾਰ ਦੀ ਝਲਕ ਮਿਲਦੀ ਹੈ ਕਿ ਉਸਦੇ ਬੋਲਾਂ ਵਿਚ ਪੁਲੀਸ ਦੀ ਇਸ ਕਰਤੂਤ ਪ੍ਰਤੀ ਕੋਈ ਬਹੁਤਾ ਤਿੱਖਾ ਪ੍ਰਤੀਕਰਮ ਨਹੀਂ ਹੈ। ਦੂਜੇ ਪਾਸੇ ਪੁਲੀਸ ਦੀ ਇਸ ਇਕ ਕਾਰਵਾਈ ਦੇ ਜ਼ਿਕਰ ਨਾਲ ਨਾਟਕ ਆਪਣੇ ਵਿਸ਼ੇ ਨਾਲ ਜੁੜਦਾ ਪ੍ਰਤੀਤ ਹੁੰਦਾ ਹੈ। ਇਹ ਇਕ ਮੁੱਖ ਘਟਨਾ ਬਣਦੀ ਹੈ ਜਿਸਦੇ ਦੁਆਲੇ ਨਾਟਕ

ਉੱਸਰਦਾ ਹੈ। ਇਹ ਘਟਨਾ ਸਮਾਜ ਦੇ ਹੋਰਨਾਂ ਲੋਕਾਂ ਦੇ ਭ੍ਰਿਸ਼ਟ ਆਚਰਣ ਵਲ ਵੀ ਇਸ਼ਾਰਾ ਕਰਦੀ ਹੈ। ਜਿਵੇਂ ਕਿ ਪੁਲੀਸ ਦੀਆਂ ਅਜਿਹੀਆਂ ਕਰਤੂਤਾਂ ਨੂੰ ਦਬਾਉਣ ਵਿਚ ਡਾਕਟਰ ਵੀ ਸ਼ਾਮਲ ਰਹੇ ਹਨ:

"ਗੁਰਨਾਮ: ਅੱਧੀ ਨਗਰੀ ਤਾਂ ਕੱਠੀ ਹੋ ਕੇ ਆ ਗੀ ਸੀ। ਹਾਰ ਕੇ ਭੇਜਣੀ ਪਈ ਸਿਵਿਲ ਹਾਸਪਿਟਲ। ਡਾਕਟਰ ਵੀ ਗਾਂਹ ਸਾਲਾ ਆਪਣੇ ਹਿਸਾਬ ਦਾ ਨਹੀਂ।

…

ਗੁਰਨਾਮ: ਜਨਾਬ ਦੀ ਮਿਹਰਬਾਨੀ ਹੋਵੇ, ਆਪੇ ਕੁਝ ਹੋ ਜੂ। ਬਥੇਰੀ ਹੋ ਗੀ ਮੁੰਡਿਆਂ ਨਾਲ। ਮੈਂ ਆਪ ਲਾਈਆਂ ਸਾਲਿਆਂ ਦੇ।"

ਇਕ ਪਾਸੇ ਜਿਥੇ ਡਾਕਟਰਾਂ ਵਲ ਤਾਂ ਇਸ਼ਾਰਾ ਕੀਤਾ ਗਿਆ ਹੈ ਉਥੇ ਨਾਲ ਹੀ ਇਸ ਤਰ੍ਹਾਂ ਦੀ ਵਾਰਦਾਤ ਨੂੰ ਬਹੁਤ ਹੀ ਮਾਮੂਲੀ ਘਟਨਾ ਸਮਝਕੇ ਪੁਲੀਸ ਖ਼ੁਦ ਹੀ ਰਫਾ-ਦਫਾ ਕਰਨ ਦੀ ਕੋਸ਼ਿਸ਼ ਵਿਚ ਨਜ਼ਰ ਆਉਂਦੀ ਹੈ।

ਨਾਟਕ ਦਾ ਤੀਸਰਾ ਅਤੇ ਸਭ ਤੋਂ ਮਹੱਤਵਪੂਰਣ ਪਾਤਰ ਹੈ ਇਕ ਟੈੱਰਰਿਸਟ, ਜੋ ਬਹੁਤ ਭਾਰੀ ਦੁਬਿਧਾ ਵਾਲੀ ਮਾਨਸਿਕ ਸਥਿਤੀ ਵਿਚ ਵਿਚਰਦਾ ਹੈ। ਉਹ ਆਪਣੇ ਤਰਕ ਅਨੁਸਾਰ ਆਪਣੇ ਆਪ ਨੂੰ ਬਿਲਕੁਲ ਠੀਕ ਦੱਸਦਾ ਹੈ ਪਰ ਫਿਰ ਵੀ ਦਲ਼ੀਲ ਭਾਰੀ ਹੋਣ ਉੱਪਰ ਦੂਜੇ ਦੀ ਗੱਲ ਨੂੰ ਸੰਜੀਦਗੀ ਨਾਲ ਸੁਣਨ ਵਾਸਤੇ ਵੀ ਤਿਆਰ ਹੈ। ਉਸ ਅੰਦਰ ਸਮਾਜ ਅਤੇ ਵਿਵਸਥਾ ਦੇ ਖ਼ਿਲਾਫ਼ ਰੋਹ ਭਰਿਆ ਹੋਇਆ ਹੈ ਜੋ ਸਿਰਫ ਹਥਿਆਰ ਚੁੱਕਣ ਦਾ ਰਸਤਾ ਹੀ ਅਪਨਾਉਣਾ ਚਾਹੁੰਦਾ ਹੈ। ਅਜਨਬੀ ਦਾ ਘਰ ਵਿਚ ਪ੍ਰਵੇਸ਼ ਬਹੁਤ ਹੀ ਨਾਟਕੀ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਇਸ ਨਾਲ ਉਸ ਕਿਰਦਾਰ ਦਾ ਆਤਮ ਵਿਸ਼ਵਾਸ, ਆਪਣੇ ਟੀਚੇ ਦੀ ਪ੍ਰਾਪਤੀ ਲਈ ਵਚਨਬੱਧਤਾ ਅਤੇ ਨਿਡਰਤਾ ਝਲਕਦੀ ਹੈ।

ਇਨ੍ਹਾਂ ਤਿੰਨਾਂ ਪਾਤਰਾਂ ਦੇ ਆਪੋ ਵਿਚ ਵਾਰਤਾਲਾਪ ਰਾਹੀਂ ਨਾਟਕਕਾਰ ਨੇ ਪੰਜਾਬ ਦੀ ਅੱਤਵਾਦੀ ਹਿੰਸਾ ਦੀ ਸਮੱਸਿਆ ਨੂੰ ਇਕ ਵੱਖਰੇ ਮਾਨਵੀ ਪਹਿਲੂ ਤੋਂ ਵੇਖਣ ਦਾ ਉਪਰਾਲਾ ਕੀਤਾ ਹੈ। ਉਸਦੇ ਸਾਹਮਣੇ ਮਸਲਾ ਸਿਰਫ ਅੱਤਵਾਦ ਦਾ ਹੀ ਨਹੀਂ ਸਗੋਂ ਇਸ ਦੇ ਕਾਰਣਾਂ ਦੀ ਤਲਾਸ਼ ਕਰਨਾ ਅਤੇ ਇਸਦੇ ਨਤੀਜੇ ਵਜੋਂ ਉੱਤਪੰਨ ਹੋਣ ਵਾਲੇ ਬੇਵਸਾਹੀ ਅਤੇ ਹਿੰਸਾ ਦੇ ਮਾਹੌਲ ਦੇ ਸ਼ਿਕਾਰ ਮਾਨਵੀ ਮੁੱਲਾਂ ਦੀ ਟੁੱਟ ਭੱਜ ਵੱਲ ਇਸ਼ਾਰਾ ਕਰਨਾ ਵੀ ਹੈ। ਜਿਵੇਂ ਕਿ:

"ਅਨੀਤ: ਜਿਸ ਪੁਲਿਸ ਵਾਲੇ ਨਾਲ ਮੇਰਾ ਵਾਹ ਪਿਐ, ਉਸ 'ਤੇ ਤਾਂ ਭਰੋਸਾ ਸ਼ਾਇਦ ਕਦੇ ਖ਼ਤਮ ਨਾ ਹੋਵੇ ਪਰ ਦੇਵ! ਮੈਂ ਸੋਚਦੀ ਆਂ, ਜੇ ਪੁਲਿਸ ਥਾਣੇ ਵਿਚ ਇਕ ਔਰਤ ਨਾਲ ਅਜਿਹਾ ਕੁਝ ਹੋ ਸਕਦੈ ਤਾਂ ਲੋਕ ਕਿਸ ਮੂੰਹ ਨਾਲ ਪੁਲਿਸ ਤੇ ਭਰੋਸਾ ਕਰਨ।"

ਅਨੀਤ ਨੂੰ ਆਪਣੇ ਪਤੀ ਡੀ ਐਸ ਪੀ ਦੇਵ ਉੱਪਰ ਪੂਰਾ ਯਕੀਨ ਹੈ ਪਰ ਜਦ ਟੈੱਰਰਿਸਟ ਉਸਦੀ ਸੱਚਾਈ ਉਸਨੂੰ ਦੱਸਦਾ ਹੈ ਤਾਂ ਉਸ ਲਈ ਸਾਰੀਆਂ ਸਥਿਤੀਆਂ ਤੇ ਪਰਿਸਥਿਤੀਆਂ ਦੇ ਅਰਥ ਬਦਲ ਜਾਂਦੇ ਹਨ। ਉਸਨੂੰ ਮਹਿਸੂਸ ਹੁੰਦਾ ਹੈ ਕਿ ਅੱਤਵਾਦ ਦੇ ਇਸ ਦੌਰ ਵਿਚ ਜਿਥੇ ਇਕ ਪਾਸੇ ਅੱਤਵਾਦੀ ਹਿੰਸਾ ਉੱਪਰ ਉੱਤਰੇ ਹੋਏ ਨੇ ਤਾਂ ਦੂਜੇ ਪਾਸੇ ਸਰਕਾਰੀ ਵਿਵਸਥਾ ਨੂੰ ਚਲਾਉਣ ਵਾਲੇ ਇਸ ਸਥਿਤੀ ਦਾ ਫਾਇਦਾ ਉਠਾਕੇ ਝੂਠੇ ਮੁਕਾਬਲੇ ਕਰਕੇ ਤਰੱਕੀਆਂ ਲੈ ਰਹੇ ਨੇ ਤੇ ਮਾਨਵੀ ਕਦਰਾਂ ਕੀਮਤਾਂ ਦਾ ਘਾਣ ਕਰਕੇ ਮਾਸੂਮਾਂ ਨੂੰ ਤਸੀਹੇ ਦੇਣ ਜਾਂ ਜ਼ੋਰ ਜ਼ਬਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ।

ਇਹੋ ਜਿਹੀ ਸਥਿਤੀ ਵਿਚ ਆਮ ਲੋਕ ਸਰਕਾਰੀ ਪ੍ਰਚਾਰ ਦੇ ਸ਼ਿਕਾਰ ਹੋਕੇ ਸਮੱਸਿਆ ਦਾ ਸਿਰਫ ਇਕ ਹੀ ਪੱਖ ਦੇਖ ਪਾਉਂਦੇ ਹਨ। ਕਿਉਂਕਿ ਮੀਡੀਆ ਨੂੰ ਸਾਰੀ ਜਾਣਕਾਰੀ ਸਰਕਾਰੀ ਸੂਤਰਾਂ ਤੋਂ ਹੀ ਮੁਹੱਈਆ ਕੀਤੀ ਜਾਂਦੀ ਹੈ। ਅੱਤਵਾਦੀਆਂ ਦੀਆਂ ਵਾਰਦਾਤਾਂ ਦੀਆਂ ਖਬਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਸਰਕਾਰੀ ਮਜਬੂਰੀ ਵਿਚ ਸਰਕਾਰੀ ਮਸ਼ੀਨਰੀ ਦੀਆਂ ਵਧੀਕੀਆਂ ਦੀਆਂ ਸਾਰੀਆਂ ਖਬਰਾਂ ਦਬਾ ਦਿੱਤੀਆਂ ਜਾਂਦੀਆਂ ਹਨ। ਨਾਟਕਕਾਰ ਇਸ ਸਮੱਸਿਆ ਦੇ ਕਾਰਣਾਂ ਵੱਲ ਬਹੁਤਾ ਗਹਿਰਾਈ ਨਾਲ ਨਹੀਂ ਜਾਂਦਾ ਕਿਉਂਕਿ ਉਸਦਾ ਸਰੋਕਾਰ ਇਹੋ ਜਿਹੀਆਂ ਸਥਿਤੀਆਂ ਵਿਚੋਂ ਪੈਦਾ ਹੋਏ ਮਾਹੌਲ ਨੂੰ ਵਿਚਾਰਨਾ ਹੈ ਜਿਸ ਨੇ ਮਨੁੱਖੀ ਹੱਕਾਂ ਨੂੰ ਬੌਣਾਂ ਕਰ ਦਿੱਤਾ ਹੈ। ਆਮ ਆਦਮੀ ਨੂੰ ਦੋਹਾਂ ਪਾਸਿਆਂ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਨਾਲ ਜਿਥੇ ਅੱਤਵਾਦ ਨੂੰ ਹੋਰ ਮਜ਼ਬੂਤੀ ਮਿਲਦੀ ਹੈ ਉੱਥੇ ਨਾਲ ਹੀ ਸਰਕਾਰ ਦੀਆਂ ਜਵਾਬੀ ਕਾਰਵਾਈਆਂ ਨੂੰ ਵੀ ਅਣਕਹਿਆ ਸਮਰਥਨ ਮਿਲ ਜਾਂਦਾ ਹੈ ਭਾਵੇਂ ਇਸ ਸਮਰਥਨ ਦੀ ਆੜ ਵਿਚ ਵਧੀਕੀਆਂ ਕੀਤੀਆਂ ਜਾਣ ਜਾਂ ਹੋਰ ਅਮਾਨਵੀ ਕਾਰਜ ਹੁੰਦੇ ਹੋਣ।

ਨਾਟਕਕਾਰ ਇਸੇ ਤਰ੍ਹਾਂ ਦੀ ਸਥਿਤੀ ਵਿਚ ਵਿਚਰਦੇ ਜਾਂ ਜੂਝ ਰਹੇ ਇਕ ਟੈੱਰਰਿਸਟ ਦੀ ਮਨੋਦਸ਼ਾ ਨੂੰ ਪੇਸ਼ ਕਰ ਰਿਹਾ ਹੈ। ਇਹ ਟੈੱਰਰਿਸਟ ਆਪਣੀ ਪ੍ਰੇਮਿਕਾ ਦੇ ਕਹਿਣ ਉੱਤੇ ਇਕ ਵਾਰ ਤਾਂ ਹਿੰਸਾ ਦਾ ਰਾਹ ਛੱਡ ਦਿੰਦਾ ਹੈ ਪਰ ਆਪਣੀ ਪ੍ਰੇਮਿਕਾ ਨੂੰ ਪੁਲੀਸ ਵਾਲਿਆਂ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਵੇਖਕੇ ਉਹ ਇਕ ਵਾਰ ਫਿਰ ਵਿਵਸਥਾ ਦੇ ਖਿਲਾਫ ਹਥਿਆਰ ਚੁੱਕ ਲੈਂਦਾ ਹੈ। ਅਰਥਾਤ ਅੱਤਵਾਦ ਦਾ ਰਾਹ ਇਕ ਅਜਿਹਾ ਰਸਤਾ ਬਣ ਜਾਂਦਾ ਹੈ ਜਿਸ ਵਿਚੋਂ ਨਿਕਲਣਾ ਅਸੰਭਵ ਜਾਪਦਾ ਹੈ। ਸਰਕਾਰੀ ਨੀਤੀਆਂ ਗੁਮਰਾਹ ਨੌਜਵਾਨਾਂ ਨੂੰ ਵਾਪਸ ਆਉਣ ਦਾ ਰਾਹ ਹੀ ਨਹੀਂ ਦਿੰਦੀਆਂ। ਨਾਟਕਕਾਰ ਅੱਤਵਾਦ ਅਤੇ ਸਧਾਰਣ ਹਿੰਸਾ ਨੂੰ ਵੱਖ ਕਰਕੇ ਪੇਸ਼ ਕਰਦਾ ਹੈ। ਅੱਤਵਾਦ ਦਾ ਰਾਹ ਕਿਸੇ ਉਦੇਸ਼ ਨਾਲ ਅਖਤਿਆਰ ਕੀਤਾ ਜਾਂਦਾ ਹੈ ਅਤੇ ਇਸ ਨਾਲ ਜੁੜਨ ਵਾਲੇ ਵਿਅਕਤੀ ਆਪਣੇ ਮਨ ਵਿਚ ਸਮਾਜ ਦੇ ਵੱਡੇ ਸਰੋਕਾਰਾਂ ਦੀ ਪ੍ਰਾਪਤੀ ਦਾ ਟੀਚਾ ਰੱਖਦੇ ਹਨ। ਪਰ ਜਦ ਹਿੰਸਾ ਦਾ ਦੌਰ ਚਲਦਾ ਹੈ ਤਾਂ ਇਹੋ ਜਿਹੇ ਦੌਰ ਵਿਚ ਹਰ ਤਰ੍ਹਾਂ ਦੀਆਂ ਤਾਕਤਾਂ ਆਪਣੇ

ਸੁਆਰਥ ਪੂਰੇ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਚੋਰ ਡਾਕੂ ਵੀ ਹਥਿਆਰ ਚੁੱਕ ਕੇ ਆਪਣਾ ਰਾਹ ਸੌਖਾ ਕਰਨ ਲਗਦੇ ਹਨ।

"ਅਜਨਬੀ: ਇਸ ਇਲਾਕੇ ਵਿਚ ਹੁਣ ਕੋਈ ਚੋਰ ਜਾਂ ਡਾਕੂ ਨਹੀਂ ਰਿਹਾ। ਸਾਰਿਆਂ ਨੇ ਅਸਾਲਟਾਂ ਚੁੱਕ ਲਈਆਂ ਹਨ ਤੇ ਮੂਵਮੈਂਟ ਵਿਚ ਸ਼ਾਮਿਲ ਹੋ ਗਏ ਨੇ। ਇਸੇ ਲਈ ਮੂਵਮੈਂਟ ਬੜੀ ਕਮਜ਼ੋਰ ਪੈ ਗਈ ਹੈ। ਇਸੇ ਤਰ੍ਹਾਂ ਹੀ ਹੁੰਦਾ ਹੈ ਹਰ ਮੂਵਮੈਂਟ ਨਾਲ। ਜੇ ਹਥਿਆਰਬੰਦ ਸੰਘਰਸ਼ ਲੰਬਾ ਖਿੱਚਿਆ ਜਾਵੇ।"

ਇਹੋ ਜਿਹੇ ਅਨਸਰਾਂ ਨੂੰ ਵੱਖ ਰਖਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਉੱਪਰੋ ਨਾਅਰਾ ਤਾਂ ਉਹ ਵੀ ਕਿਸੇ ਮਿਸ਼ਨ ਦੀ ਪ੍ਰਾਪਤੀ ਦਾ ਲਾਉਂਦੇ ਹਨ ਪਰ ਅੰਦਰੋਂ ਕੰਮ ਆਪਣਾ ਹੀ ਕਰਦੇ ਹਨ। ਇਸ ਤਰ੍ਹਾਂ ਕਿਸੇ ਵੀ ਹਥਿਆਰਬੰਦ ਜਦੋ ਜਹੱਦ ਦੇ ਭੱਟਕਣ ਜਾਂ ਨਾਕਾਮ ਹੋਣ ਦੀ ਗੁੰਜਾਇਸ਼ ਬਹੁਤ ਵੱਧ ਜਾਂਦੀ ਹੈ। ਇਹੋ ਸਮਾਂ ਹੁੰਦਾ ਹੈ ਜਦ ਇਸ ਤਰ੍ਹਾਂ ਦੇ ਸੰਘਰਸ਼ ਨੂੰ ਦਬਾਉਣ ਵਾਲੀ ਮਸ਼ੀਨਰੀ ਨੂੰ ਇਨ੍ਹਾਂ ਵਿਚ ਘੁਸਪੈਠ ਕਰਨ ਦਾ ਮੌਕਾ ਮਿਲ ਜਾਂਦਾ ਹੈ। ਉਹ ਇਸ ਸੰਘਰਸ਼ ਨੂੰ ਨਾਕਾਮ ਕਰਨ ਜਾਂ ਤੋੜਨ ਲਈ ਹਰ ਤਰ੍ਹਾਂ ਦਾ ਰਾਹ ਅਪਨਾਉਂਦੇ ਹਨ ਜਿਵੇਂ ਕਿ ਅਜਿਹੇ ਸੰਘਰਸ਼ ਨੂੰ ਮਿਲਣ ਵਾਲੀ ਲੋਕਾਂ ਦੀ ਹਮਾਇਤ ਨੂੰ ਤੋੜਨਾ।

ਅਜਿਹਾ ਕਰਨ ਲਈ ਸੰਘਰਸ਼ ਦੀ ਦਿਸ਼ਾ ਨੂੰ ਦਿਸ਼ਾਹੀਣ ਦਰਸਾਉਣ ਦੇ ਉਪਾਅ ਕੀਤੇ ਜਾਂਦੇ ਹਨ। ਏਜੰਸੀਆਂ ਖੁਦ ਵੀ ਕਈ ਵਾਰਦਾਤਾਂ ਕਰਵਾ ਕੇ ਅੱਤਵਾਦੀਆਂ ਦੇ ਸਿਰ ਲਾ ਦਿੰਦੀਆਂ ਹਨ। ਆਮ ਆਦਮੀ ਹਰ ਤਰ੍ਹਾਂ ਦੀਆਂ ਕਾਰਵਾਈਆਂ ਲਈ ਅੱਤਵਾਦੀਆਂ ਨੂੰ ਹੀ ਜ਼ਿੰਮੇਵਾਰ ਠਹਿਰਾਉਣ ਲਗਦਾ ਹੈ। ਪੁਲੀਸ ਦੀ ਤਸ਼ੱਦਦ ਉਸਨੂੰ ਇਨ੍ਹਾਂ ਕਾਰਵਾਈਆਂ ਸਾਹਮਣੇ ਨਿਗੂਣੀ ਜਾਪਦੀ ਹੈ। ਇਸੇ ਤਰ੍ਹਾਂ ਦਾ ਉਦਾਹਰਣ ਹੈ ਇਸ ਨਾਟਕ ਵਿਚਲੀ ਇਕ ਘਟਨਾ ਜਿਸ ਵਿਚ ਇਕ ਔਰਤ ਦੀ ਬੇਪੱਤੀ ਕੀਤੀ ਜਾਂਦੀ ਹੈ। ਨਾਟਕ ਵਿਚਲੀ ਇਹ ਘਟਨਾ ਇਸੇ ਤਰ੍ਹਾਂ ਦੀ ਇਕ ਹੋਰ ਪੂਰਵਲੀ ਘਟਨਾ ਦੇ ਸਮਾਨੰਤਰ ਚਲਦੀ ਹੈ ਜੋ ਕਿ ਅਜਨਬੀ ਅਰਥਾਤ ਟੈੱਰਰਿਸਟ ਦੀ ਪ੍ਰੇਮਿਕਾ ਨੀਲੂ ਨਾਲ ਵਾਪਰੀ ਸੀ:

"ਅਜਨਬੀ: ...ਸਿਰਫ਼ ਮੇਰਾ ਪਤਾ ਜਾਣਨ ਲਈ...ਸਿਰਫ਼ ਮੇਰਾ ਪਤਾ ਜਾਣਨ ਲਈ ਥਾਣੇ ਵਿਚ ਪੰਜ ਦਿਨ ਪੰਜ ਰਾਤਾਂ ਉਸਨੂੰ ਇੰਨਾ ਜ਼ਲੀਲ ਕੀਤਾ ਗਿਆ ਤੇ..."

ਇਹ ਇਕ ਅਜਿਹੀ ਕੌੜੀ ਸੱਚਾਈ ਹੈ ਜੋ ਇਸ ਤਰ੍ਹਾਂ ਦੇ ਮਾਹੌਲ ਵਿਚ ਖੁਲ੍ਹੇ ਆਮ ਵਾਪਰਦੀ ਹੈ ਤੇ ਆਮ ਆਦਮੀ ਇਸ ਪਾਸੋਂ ਅੱਖਾਂ ਬੰਦ ਕਰ ਲੈਂਦਾ ਹੈ। ਲੋਕਾਂ ਦੇ ਮਨਾਂ ਵਿਚ ਅੱਤਵਾਦੀਆਂ ਦੀ ਦਹਿਸ਼ਤ ਦਾ ਇਨਾਂ ਡਰ ਬੈਠਾ ਹੁੰਦਾ ਹੈ ਜਾਂ ਬੈਠਾ ਦਿੱਤਾ ਜਾਂਦਾ ਹੈ ਕਿ ਸਰਕਾਰੀ ਮਸ਼ੀਨਰੀ ਵਲੋਂ ਕੀਤੀ ਜਾਂਦੀ ਕੋਈ ਵੀ ਅਮਾਨਵੀ ਕਰਤੂਤ ਅੱਖੋਂ ਪਰੋਖੇ ਕਰ ਦਿੱਤੀ

ਜਾਂਦੀ ਹੈ। ਇਸ ਦਾ ਫਾਇਦਾ ਉਠਾਉਂਦਿਆਂ ਦੇਵ ਅਤੇ ਉਸਦੇ ਮਾਤਹਤ ਕੰਮ ਕਰਨ ਵਾਲੇ ਸਿਪਾਹੀਆਂ ਵਰਗੇ ਲੋਕ ਆਪਣੀ ਜਾਨ ਦੇ ਡਰੋਂ ਜਾਂ ਇਨਾਮਾਂ ਖਾਤਰ ਜਾਂ ਫਿਰ ਕੰਮ ਦੇ ਤਨਾਓ ਵਿਚ ਆਪਣੇ ਮਾਨਵੀ ਕਿਰਦਾਰ ਨੂੰ ਭੁਲਾਕੇ ਕੋਝੀਆਂ ਹਰਕਤਾਂ ਕਰਦੇ ਹਨ ਤੇ ਅਜਿਹੇ ਦੌਰ ਦੀ ਵਹਾ ਵਿਚ ਆਪਣੇ ਕਾਰੇ ਨੂੰ ਗ਼ਲਤ ਵੀ ਨਹੀਂ ਮੰਨਦੇ।

ਨਾਟਕਕਾਰ ਨੇ ਥਾਣੇ ਵਿਚ ਹੋਈ ਅਜਿਹੀ ਇਕ ਘਟਨਾ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਨਾਟਕੀ ਕਾਰਜ ਦਾ ਉਸਾਰ ਕੀਤਾ ਹੈ। ਡੀ ਐਸ ਪੀ ਦੇਵ ਦੇ ਅਧੀਨ ਇਕ ਥਾਣੇ ਵਿਚ ਇਕ ਇਕੱਲੀ ਔਰਤ ਨੂੰ ਫੜਕੇ ਲਿਆਇਆ ਜਾਂਦਾ ਹੈ ਤੇ ਫਿਰ ਥਾਣੇ ਵਿਚ ਉਸ ਨਾਲ ਦੁਰਾਚਾਰ ਕੀਤਾ ਜਾਂਦਾ ਹੈ। ਅਗੋਂ ਨਾਟਕ ਵਿਚ ਇਸੇ ਤਰ੍ਹਾਂ ਦੀ ਇਕ ਪਿਛਲੇਰੀ ਘਟਨਾ ਦਾ ਪੀੜਤ ਇਕ ਅਜਨਬੀ (ਟੈੱਰਰਿਸਟ) ਦਾਖਲ ਹੁੰਦਾ ਹੈ ਜੋ ਆਪਣੀ ਪ੍ਰੇਮਿਕਾ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਹੈ। ਉਸਦੀ ਪ੍ਰੇਮਿਕਾ ਨੂੰ ਪੁਲਿਸ ਵਾਲੇ ਉਸਦਾ ਪਤਾ ਜਾਣਨ ਲਈ ਚੁੱਕ ਲਿਆਏ ਹਨ ਤੇ ਉਸਨੇ ਥਾਣੇ ਵਿਚ ਦੇਵ ਦੀ ਹਵੱਸ ਦਾ ਸ਼ਿਕਾਰ ਹੋਣ ਮਗਰੋਂ ਆਤਮਹੱਤਿਆ ਕਰ ਲਈ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਅਤੇ ਝੂਠੇ ਮੁਕਾਬਲਿਆਂ ਦੀਆਂ ਘਟਨਾਵਾਂ ਬਹੁਤ ਵੱਡੇ ਪੈਮਾਨੇ ‘ਤੇ ਵਾਪਰਦੀਆਂ ਹਨ ਤੇ ਇਕ ਅਜਿਹਾ ਮਾਹੌਲ ਸਿਰਜ ਦਿੰਦੀਆਂ ਹਨ ਜਿਸ ਵਿਚ ਦੋਵੇਂ ਧਿਰਾਂ ਆਪੋ ਆਪਣੇ ਪੱਖ ਤੋਂ ਪਿੱਛੇ ਨਹੀਂ ਹੱਟ ਸਕਦੀਆਂ। ਅਤੇ ਦਹਿਸ਼ਤ ਦਾ ਇਹ ਸਿਲਸਿਲਾ ਲੰਮਾ ਸਮਾਂ ਚਲਦਾ ਰਹਿੰਦਾ ਹੈ। ਇਸ ਵਿਚ ਸਭ ਤੋਂ ਵੱਡਾ ਘਾਣ ਤਾਂ ਮਾਨਵੀ ਮੁੱਲਾਂ ਦਾ ਹੁੰਦਾ ਹੈ।

ਦਹਿਸ਼ਤ ਦੇ ਦੌਰ ਵਿਚ ਇਕ ਹੋਰ ਸਮੱਸਿਆ ਸਾਹਮਣੇ ਆਉਂਦੀ ਹੈ ਉਹ ਹੈ ਪੁਲੀਸ ਵਲੋਂ ਕੀਤੇ ਜਾਣ ਵਾਲੇ ਝੂਠੇ ਮੁਕਾਬਲਿਆਂ ਦੀ। ਇਸਦੇ ਕਾਰਣ ਕਈ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਇਨਾਮੀ ਰਕਮਾਂ ਹਾਸਲ ਕਰਨ, ਤਰੱਕੀਆਂ ਲੈਣ ਜਾਂ ਅੱਤਵਾਦੀਆਂ ਨੂੰ ਮਾਰ ਕੇ ਉਸ ਨਾਲ ਜੁੜੀਆਂ ਕਾਨੂੰਨੀ ਕਾਰਵਾਈਆਂ ਤੋਂ ਬਚਣਾ।

"ਅਜਨਬੀ: ...(ਤੜਪ ਕੇ) ਹਾਂ, ਪੁਲਿਸ ਰਿਕਾਰਡ ਮੁਤਾਬਿਕ ਮੈਂ ਮਿਸਿਜ਼ ਦੇਵ, ਅੱਜ ਤੋਂ ਕਈ ਸਾਲ ਪਹਿਲਾਂ ਮਰ ਚੱਕਾ ਹਾਂ। ਨਾਕੇ ਤੇ ਹੋਏ ਇਕ ਪੁਲਿਸ ਮੁਕਾਬਲੇ ਵਿਚ ਤੇ ਪਤੈ...(ਅਧਿਕਤਮ ਦਰਦ ਨਾਲ) ਪਤੈ ਅਸਲ ਵਿਚ ਕੌਣ ਮਰਿਆ ਸੀ ਉਸ ਝੂਠੇ ਪੁਲਿਸ ਮੁਕਾਬਲੇ ਵਿਚ! ਪੰਜ ਭੈਣਾਂ ਦਾ ਇਕਲੌਤਾ ਭਰਾ ਤੇ ਇਕ ਬੇਵਾ ਮਾਂ ਦਾ ਸਿਰਫ ਸਤਾਰਾਂ ਸਾਲ ਦਾ ਮਾਸੂਮ ਪੁੱਤ।"

ਇਸ ਤਰ੍ਹਾਂ ਦੀ ਤਸ਼ੱਦਦ ਦਾ ਹੀ ਨਤੀਜਾ ਹੁੰਦਾ ਹੈ ਜਦ ਅੰਨੀ ਹਿੰਸਾ ਵਿਚ ਮਰਨ ਵਾਲਿਆਂ ਵਿਚ ਬੇਕਸੂਰਾਂ ਦੀ ਗਿਣਤੀ ਵੱਧ ਜਾਂਦੀ ਹੈ ਤੇ ਨਤੀਜਤਨ ਹਿੰਸਾ ਹਿੰਸਾ ਨੂੰ ਵਧਾਉਂਦੀ ਹੈ ਤੇ ਦੋਹਾਂ ਪਾਸਿਆਂ ਦੀਆਂ ਦਲੀਲਾਂ ਬਦਲੇ ਦੀ ਕਾਰਵਾਈ ਨਾਲ ਭਾਰੂ ਹੋ ਜਾਂਦੀਆਂ ਹਨ।

ਨਾਟਕਕਾਰ ਨੇ ਅਜੋਕੇ ਦੌਰ ਵਿਚ ਵਿਗੜੇ ਮਾਹੌਲ ਲਈ ਅੱਤਵਾਦ ਅਤੇ ਸਰਕਾਰੀ ਮਸ਼ੀਨਰੀ ਦੋਵਾਂ ਨੂੰ ਕਟਹਿਰੇ ਵਿਚ ਖੜਾ ਕੀਤਾ ਹੈ। ਡੀ ਸੀ ਪੀ ਅਤੇ ਟੈੱਰਰਿਸਟ ਆਪੋ ਆਪਣੀਆਂ ਸਫਾਈਆਂ ਅਤੇ ਦਲੀਲਾਂ ਤਾਂ ਦੇ ਰਹੇ ਹਨ ਪਰ ਅਨੀਤ ਦੀਆਂ ਸੰਵੇਦਨਸ਼ੀਲ ਅਤੇ ਮਾਸੂਮ ਦਲੀਲਾਂ ਅੱਗੇ ਉਨ੍ਹਾਂ ਦੀਆਂ ਸਾਰੀਆਂ ਦਲੀਲਾਂ ਵਿਅਰਥ ਸਾਬਤ ਹੁੰਦੀਆਂ ਹਨ। ਪੁਲੀਸ ਅਤੇ ਟੈੱਰਰਿਸਟ ਦੋਵੇਂ ਹੀ ਅਜਿਹੀਆਂ ਸਥਿਤੀਆਂ ਪੈਦਾ ਕਰਨ ਲਈ ਜ਼ਿੰਮੇਵਾਰ ਨਜ਼ਰ ਆਉਂਦੇ ਹਨ। ਸਮਾਜ ਵਿਚ ਮਾਨਵੀ ਕਦਰਾਂ ਕੀਮਤਾਂ ਦਾ ਜੋ ਘਾਣ ਹੋਇਆ ਹੈ ਉਸ ਲਈ ਉਹ ਦੋਵੇਂ ਹੀ ਬਰਾਬਰ ਦੇ ਜ਼ਿੰਮੇਵਾਰ ਸਾਬਤ ਹੁੰਦੇ ਹਨ। ਇਕ ਨਜ਼ਰ ਤੋਂ ਵੇਖਦਿਆਂ ਤਾਂ ਉਹ ਦੋਵੇਂ ਹੀ ਟੈੱਰਰਿਸਟ ਬਣਦੇ ਨਜ਼ਰ ਆਉਂਦੇ ਹਨ।

ਨਾਟਕਕਾਰ ਨੇ ਅੱਤਵਾਦੀਆਂ ਬਾਰੇ ਲੋਕਾਂ ਦੇ ਮਨਾਂ ਵਿਚ ਬਣੀ ਆਮ ਧਾਰਣਾ ਨੂੰ ਵੀ ਪੇਸ਼ ਕੀਤਾ ਹੈ ਤੇ ਉਸਦੇ ਜਵਾਬ ਵਿਚ ਟੈੱਰਰ ਦੀ ਬੁਨਿਆਦੀ ਪਰਿਭਾਸ਼ਾ ਦੇ ਸਾਹਮਣੇ ਹੋਰਨਾਂ ਧਿਰਾਂ ਨੂੰ ਵੀ ਪਰਖਣ ਦਾ ਉਪਰਾਲਾ ਕੀਤਾ ਹੈ। ਜਿਵੇਂ ਕਿ:

"ਅਜਨਬੀ: ਅਖ਼ਬਾਰਾਂ ਨੇ ਲੋਕਾਂ ਦੀ ਭਾਸ਼ਾ ਬਦਲ ਦਿੱਤੀ ਹੈ। ਉਹ ਹਰ ਚੀਜ਼ ਨੂੰ ਆਮ ਲੋਕਾਂ ਦੇ ਪੱਧਰ ਦਾ ਬਣਾ ਕੇ ਪੇਸ਼ ਕਰਨਾ ਚਾਹੁੰਦੇ ਨੇ, ਸ਼ਾਇਦ ਇਸ ਲਈ। ਆਮ ਲੋਕਾਂ ਨੂੰ ਆਪਣੇ ਬਾਰੇ ਦੱਸਣਾ ਹੋਵੇ ਤਾਂ ਅਜਿਹੇ ਹੀ ਸ਼ਬਦ ਇਸਤੇਮਾਲ ਕਰਨੇ ਪੈਂਦੇ ਨੇ। ਕਦੇ ਕਦੇ ਇਹੋ ਜਿਹੇ ਅਰਥ ਵੀ। ਪਰ ਤੁਸੀਂ ਸਮਝਦਾਰ ਹੋ...ਸਮਝ ਸਕਦੇ ਹੋ ਕਿ ਟੈੱਰਰਿਸਟ ਤਾਂ ਉਹ ਹੁੰਦਾ ਹੈ ਜੋ ਸਿਰਫ਼ ਟੈਰਰ ਪੈਦਾ ਕਰਦਾ ਹੈ। ਆਮ ਲੋਕਾਂ ਨੂੰ ਡਰਾਉਣ ਲਈ। ਪਰ ਸਾਡਾ ਇਕ ਮਿਸ਼ਨ ਹੈ। ਵੀ ਆਰ ਨਾਟ ਟੈੱਰਰਿਸਟ।"

ਇਸੇ ਹੀ ਸਿਲਸਿਲੇ ਵਿਚ ਨਾਟਕਕਾਰ ਹਿੰਸਾ ਅਤੇ ਅਹਿੰਸਾ ਦੇ ਅਰਥਾਂ ਦਾ ਨਿਖੇੜਾ ਵੀ ਕਰਦਾ ਹੈ।

"ਅਜਨਬੀ: ਹਰ ਅੱਤਵਾਦੀ ਅੱਤ ਵਿਚੋਂ ਪੈਦਾ ਹੁੰਦਾ ਹੈ। ਮੈਂ ਵੀ ਉਸੇ ਅੱਤ ਦਾ ਹਿੱਸਾ ਹਾਂ ਮਿਸਿਜ਼ ਦੇਵ, ਜੋ ਫੈਲੀ ਹੋਈ ਹੈ ਸਾਰੇ ਸਮਾਜ ਵਿਚ। ਇਸੇ ਸਮਾਜ ਨੇ ਦਿੱਤੀ ਹੈ, ਮੈਂ ਮਾਂ ਦੀ ਕੁੱਖ ਵਿਚੋਂ ਲੈ ਕੇ ਪੈਦਾ ਨਹੀਂ ਹੋਇਆ।..."

ਪਰ ਜੇ ਇਕ ਪਾਸੇ ਤਰਕਹੀਣ ਜਾਪਦੀ ਹਿੰਸਾ ਚਲ ਰਹੀ ਹੁੰਦੀ ਹੈ ਤਾਂ ਉਸ ਸਥਿਤੀ ਵਿਚ ਲਾਹਾ ਲੈਣ ਵਾਲੇ ਅਨਸਰ ਇਸ ਸਿਲਸਿਲੇ ਨੂੰ ਚਲਦਾ ਰਖਣ ਵਿਚ ਹੀ ਆਪਣਾ ਫਾਇਦਾ ਵੇਖਦੇ ਹਨ:

"ਅਜਨਬੀ: ਮੈਂ ਮਰ ਗਿਆ ਸਾਂ। ਪਰ ਮੇਰਾ ਨਾਂ ਚਲਦਾ ਸੀ। ਕਦੇ ਪੁਲਿਸ ਵਰਤ ਲੈਂਦੀ ਸੀ ਤੇ ਕਦੇ ਚੋਰ ਡਾਕੂ। ਦੋਹਾਂ ਦਾ ਮਕਸਦ ਇੱਕ ਸੀ। ਟੈਰਰ ਪੈਦਾ ਕਰਨਾ...।"

ਜਦੋਂ ਕਿਸੇ ਇਕ ਹਥਿਆਰਬੰਦ ਸੰਘਰਸ਼ ਨੂੰ ਦਬਾਉਣ ਲਈ ਸਰਕਾਰੀ ਧਿਰ ਆਪਣੀਆਂ ਸਾਰੀਆਂ ਚਾਲਬਾਜ਼ੀਆਂ ਵਰਤਦੀ ਹੈ ਤਾਂ ਫਿਰ ਸਥਿਤੀ ਦੇ ਬੇਕਾਬੂ ਹੋਣ ਦੀਆਂ ਸੰਭਾਵਨਾਵਾਂ ਬਹੁਤ ਵੱਧ ਜਾਂਦੀਆਂ ਹਨ। ਇਸੇ ਦਾ ਨਤੀਜਾ ਹੁੰਦਾ ਹੈ ਕਿ ਕਿਸੇ ਟੈੱਰਰਿਸਟ ਨੂੰ ਮਾਰ ਕੇ ਵੀ ਜੀਉਂਦਾ ਰੱਖਿਆ ਜਾਂਦਾ ਹੈ ਤੇ ਕਿਸੇ ਨੂੰ ਜੀਉਂਦੇ ਜੀ ਮਰਿਆ ਕਰਾਰ ਦਿੱਤਾ ਜਾਂਦਾ ਹੈ। ਇਸ ਨਾਲ ਅਜਿਹਾ ਸੰਘਰਸ਼ ਤਾਂ ਦਿਸ਼ਾ ਹੀਣ ਜਾਪਣ ਲਗਦਾ ਹੀ ਹੈ ਨਾਲ ਹੀ ਸਰਕਾਰੀ ਮਸ਼ੀਨਰੀ ਵੀ ਬੇਕਾਬੂ ਹੋਈ ਜਾਪਦੀ ਹੈ। ਇਕ ਪੱਧਰ ਤੇ ਜਾਕੇ ਜਦੋਂ ਸਰਕਾਰੀ ਮਸ਼ੀਨਰੀ ਦਾ ਹੱਥ ਉੱਪਰ ਹੋ ਜਾਂਦਾ ਹੈ ਤਾਂ ਫਿਰ ਉਸਦਾ ਟੈਰਰ ਵਧ ਜਾਂਦਾ ਹੈ ਤੇ ਉਹ ਵੀ ਇਕ ਤਰ੍ਹਾਂ ਦੇ ਟੈੱਰਰਿਸਟ ਬਣ ਜਾਂਦੇ ਹਨ ਜਿਸ ਬਾਰੇ ਇਸ ਨਾਟਕ ਵਿਚ ਨਾਟਕਕਾਰ ਨੇ ਸਿੱਧਾ ਸੰਕੇਤ ਕੀਤਾ ਹੈ। ਇਸ ਦੋ ਪੱਖੀ ਹਿੰਸਾ ਦਾ ਅੰਤ ਕੋਈ ਨਹੀਂ ਜਾਪਦਾ, ਸਗੋਂ ਇਹ ਵੀ ਦਿਸ਼ਾਹੀਣ ਹੋ ਜਾਂਦੀ ਹੈ। ਇਸ ਸੰਦਰਭ ਵਿਚ ਨਾਟਕਕਾਰ ਨੇ ਗਾਂਧੀਵਾਦੀ ਅਹਿੰਸਾ ਨੂੰ ਵੀ ਹਿੰਸਾ ਤੁੱਲ ਰਖਿਆ ਹੈ ਤੇ ਅਜਿਹੇ ਸੰਘਰਸ਼ ਵਿਚ ਹਿੰਸਾ ਤੇ ਅਹਿੰਸਾ ਦੇ ਅਰਥ ਗੁਆਚ ਜਾਂਦੇ ਹਨ।

ਇਕ ਆਸ ਦੀ ਕਿਰਣ ਜੋ ਅਜਿਹੇ ਮਾਹੌਲ ਵਿਚ ਨਜ਼ਰ ਆਉਂਦੀ ਹੈ ਉਹ ਹੈ ਆਪਸੀ ਭਰੋਸੇ ਅਤੇ ਪ੍ਰੇਮ ਭਾਵ ਦੀ। ਜਿਸ ਦੀ ਪ੍ਰਤੀਨਿਧਤਾ ਅਨੀਤ ਕਰ ਰਹੀ ਹੈ ਤੇ ਉਸ ਵਿਚ ਇਕ ਅੱਤਵਾਦੀ ਨੂੰ ਸੰਜੀਦਗੀ ਅਤੇ ਸੰਵੇਦਨਸ਼ੀਲਤਾ ਨਾਲ ਸੁਣਨ ਤੇ ਸਮਝਣ ਦੀ ਹਿੰਮਤ ਵੀ ਨਜ਼ਰ ਆਉਂਦੀ ਹੈ। ਉਸ ਵਿਚ ਪਿਆਰ ਦਾ ਇਕ ਅਜਿਹਾ ਕੁਦਰਤੀ ਜਜ਼ਬਾ ਹੈ ਜੋ ਆਪਣੇ ਪਤੀ ਦੀ ਰਾਖੀ ਲਈ ਆਪਣੀ ਜਾਨ ਵਾਰ ਦੇਣ ਤੱਕ ਜਾ ਸਕਦਾ ਹੈ ਤੇ ਦੂਜੇ ਪਾਸੇ ਇਕ ਅੱਤਵਾਦੀ ਨੂੰ ਸਮਝਾਉਣ ਲਈ ਤੇ ਉਸ ਅੰਦਰਲੇ ਪਿਆਰ ਦੀ ਸੁੱਤੀ ਚਿਣਗ ਨੂੰ ਜਗਾਉਣ ਲਈ ਉਹ ਉਸਦੀ ਪ੍ਰੇਮਿਕਾ ਨੀਲੂ ਦੇ ਜਜ਼ਬਾਤਾਂ ਦੀ ਤਰਜਮਾਨੀ ਵੀ ਕਰਦੀ ਨਜ਼ਰ ਆਉਂਦੀ ਹੈ। ਜਿਵੇਂ ਕਿ:

"ਅਨੀਤ: ਹਾਂ। ਹਲਦੀ ਜਦੋਂ ਦੁੱਧ ਵਿਚ ਘੁਲ ਜਾਂਦੀ ਹੈ ਤਾਂ ਦੁੱਧ ਦੁੱਧ ਨਹੀਂ ਰਹਿੰਦਾ। ਦਾਰੂ ਬਣ ਜਾਂਦਾ ਹੈ। ਇਹ ਦਾਰੂ ਤੇਰੇ ਅੰਦਰ ਉਤਰ ਜਾਏਗੀ ਤਾਂ ਤੇਰੇ ਅੰਦਰ ਦੇ ਸਾਰੇ ਖੱਪੇ ਭਰ ਜਾਣਗੇ।"

ਅਨੀਤ ਆਪਣੇ ਪਿਆਰ ਨਾਲ ਉਸ ਅੱਤਵਾਦੀ ਦੇ ਦਿਲ ਦੀ ਗਹਿਰਾਈ ਵਿਚ ਉਤਰਦੀ ਹੈ ਤੇ ਫਿਰ ਉਸਦੀ ਪ੍ਰੇਮਿਕਾ, ਨੀਲੂ ਦੇ ਰੂਪ ਵਿਚ ਆਕੇ ਉਸਦੇ ਦਿਲ ਵਿਚੋਂ ਨਫਰਤ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਸਨੂੰ ਉਹ ਨੀਲੂ ਦੇ ਪਿਆਰ ਦਾ ਵਾਸਤਾ ਵੀ ਦਿੰਦੀ ਹੈ। ਨਾਟਕ ਵਿਚ ਅਨੀਤ ਪਿਆਰ ਦੇ ਜਿਸ ਜਜ਼ਬੇ ਦੀ ਪੇਸ਼ਕਾਰੀ ਕਰ ਰਹੀ ਹੈ ਉਹ ਜਜ਼ਬਾ ਪਹਿਲਾਂ ਨੀਲੂ ਦੇ ਰੂਪ ਵਿਚ ਨਜ਼ਰ ਆਉਂਦਾ ਹੈ ਜੋ ਆਪਣੇ ਪ੍ਰੇਮੀ ਨੂੰ ਬਚਾਉਣ ਲਈ ਆਪਣੀ ਜਾਨ ਦੇ ਦਿੰਦੀ ਹੈ ਪਰ ਰਾਜ਼ ਨਹੀਂ ਖੋਲ੍ਹਦੀ। ਫਿਰ ਇਹੋ ਜਜ਼ਬਾ ਅਨੀਤ ਵਿਚ ਪੇਸ਼ ਹੁੰਦਾ ਹੈ ਜੋ ਆਪਣੇ ਪਤੀ 'ਦੇਵ' ਨੂੰ ਬਚਾਉਣ ਲਈ

ਅੱਤਵਾਦੀ ਨਾਲ ਬਹਿਸ ਵੀ ਕਰਦੀ ਹੈ, ਉਸਦੇ ਤਰਲੇ ਮਿੰਨਤਾਂ ਵੀ ਕਰਦੀ ਹੈ ਤੇ ਉਸ ਨਾਲ ਹੱਥੋਪਾਈ ਵੀ ਹੋ ਜਾਂਦੀ ਹੈ। ਉਹ ਅਜਨਬੀ ਨੂੰ ਰਾਜ਼ੀ ਕਰਨ ਲਈ ਹਰ ਦਲੀਲ ਦਾ ਸਹਾਰਾ ਲੈਂਦੀ ਹੈ:

"ਅਨੀਤ: ਫਿਰ ਕੀ ਹੋ ਤੁਸੀਂ? ਇਕ ਸੁਤੰਤਰਤਾ ਸੈਨਾਨੀ, ਧਰਮ-ਯੋਧਾ, ਇਕ ਕਾਮਰੇਡ? ਹੱਥ ਵਿਚ ਬੰਦੂਕ ਫੜ੍ਹੀ ਹੋਵੇ ਤਾਂ ਚੋਰਾਂ ਡਾਕੂਆਂ ਨੂੰ ਵੀ ਫਿਲਾਸਫ਼ੀਆਂ ਸੁਝ ਜਾਂਦੀਆਂ ਨੇ। ਪਰ ਇਤਿਹਾਸ...ਇਤਿਹਾਸ ਨਿਰਾ-ਪੁਰਾ ਸ਼ਬਦਾਂ ਦੇ ਆਸਰੇ ਨਹੀਂ ਲਿਖਿਆ ਜਾਂਦਾ (ਜ਼ੋਰ ਦੇਕੇ) ਮਿਸਟਰ ਟੈੱਰਰਿਸਟ! ਉਸ ਲਈ ਸੱਚ ਦੀ ਲੋੜ ਹੁੰਦੀ ਹੈ। ਸੱਚ ਦੀ।"

ਪਰ ਸੱਚਾਈ ਇਹੋ ਹੈ ਕਿ ਇਤਿਹਾਸ ਸਿਰਜਣ ਦੀ ਪ੍ਰਕਿਰਿਆ ਵਿਚ ਹਕੂਮਤ ਦੀ ਅਵਾਜ਼ ਵਧੇਰੀ ਤਿੱਖੀ ਰਾਜਨੀਤੀ ਕਾਰਣ ਆਪਣੀ ਵੱਡੀ ਥਾਂ ਹਾਸਲ ਕਰ ਲੈਂਦੀ ਹੈ ਤੇ ਬਾਕੀ ਦਾ ਸੱਚ ਉਸ ਹੇਠ ਦੱਬ ਕੇ ਰਹਿ ਜਾਂਦਾ ਹੈ। ਪਰ ਨਾਟਕਕਾਰ ਇਥੇ ਬਹੁਤ ਸੰਜੀਦਾ ਟਿੱਪਣੀ ਕਰਦਾ ਹੈ ਕਿ ਭਾਵੇਂ ਇਤਿਹਾਸ ਸਿਰਜਣ ਵੇਲੇ ਕੋਈ ਵੀ ਤਾਕਤ ਆਪਣੀਆਂ ਚਾਲਬਾਜ਼ੀਆਂ ਖੇਡ ਰਹੀ ਹੋਵੇ ਪਰ ਸਮਾਜ ਵਿਚ ਕਿਸੇ ਵੱਖਰੇ ਕਿਸਮ ਦੇ ਸੰਘਰਸ਼ ਵਿਚ ਸ਼ਾਮਲ ਲੋਕ ਆਪਣੀਆਂ ਦਲੀਲਾਂ ਤਲਾਸ਼ ਲੈਂਦੇ ਹਨ। ਉਹ ਆਪਣੇ ਇਕ ਵੱਖਰੇ ਕਿਸਮ ਦੇ ਮਾਨਸਿਕ ਮਾਹੌਲ ਵਿਚ ਰਹਿੰਦੇ ਹਨ ਤੇ ਇਸ ਲਈ ਠੀਕ ਗ਼ਲਤ ਦਾ ਨਿਪਟਾਰਾ ਵਕਤ ਉੱਪਰ ਛੱਡ ਦਿੰਦੇ ਹਨ।

ਅਤੇ ਉਸਨੂੰ ਆਪਣਾ ਪਿਆਰ ਗੁਆਚ ਜਾਣ ਕਰਕੇ ਲੋਕਾਂ ਤੋਂ ਬਦਲਾ ਲੈਣ ਵਾਲਾ ਮਾਨਸਿਕ ਰੋਗੀ ਵੀ ਕਹਿੰਦੀ ਹੈ। ਅਨੀਤ ਉਸਨੂੰ ਟੈੱਰਰਿਸਟ ਅਤੇ ਨੀਲੂ ਨੂੰ ਇਕ ਟੈੱਰਰਿਸਟ ਦੀ ਪ੍ਰੇਮਿਕਾ ਤਕ ਕਹਿ ਦਿੰਦੀ ਹੈ। ਪਰ ਅਜਨਬੀ ਉਸਨੂੰ ਜਵਾਬ ਵਿਚ ਜਤਲਾਉਂਦਾ ਹੈ ਕਿ ਉਨ੍ਹਾਂ ਦੋਹਾਂ ਦਾ ਰਿਸ਼ਤਾ ਪਿਆਰ ਦੀ ਸਾਂਝ ਦਾ ਵੀ ਬਣਦਾ ਹੈ। ਜਿਵੇਂ ਕਿ:

"ਅਨੀਤ: ਸਾਂਝ ਹੈ ਦੇਵ। ਮੇਰੀ ਉਸ ਨਾਲ ਮੁਹੱਬਤ ਦੀ ਸਾਂਝ ਹੈ। ਅਸੀਂ ਦੋਵੇਂ ਮੁਹੱਬਤ ਕਰਦੇ ਹਾਂ..

...ਉਹ ਆਪਣੀ ਨੀਲੂ ਨੂੰ ਤੇ ਮੈਂ ਆਪਣੇ ਦੇਵ ਨੂੰ। ਸਿਰਫ ਉਸੇ ਸਾਂਝ ਦੇ ਨਾਂ ਤੇ ਉਸਨੇ ਤੁਹਾਡੀ ਜਾਨ ਬਖ਼ਸ਼ੀ ਹੈ ਦੇਵ।"

ਇਥੇ ਨਾਟਕਕਾਰ ਪਿਆਰ ਦੇ ਜਜ਼ਬੇ ਨੂੰ ਇਕ ਅਜਿਹੇ ਸ਼ਕਤੀਸ਼ਾਲੀ ਜਜ਼ਬਾਤ ਦੇ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕਰਦਾ ਹੈ ਜਿਸ ਵਿਚ ਕਿਸੇ ਨੂੰ ਵੀ ਬਦਲਣ ਦੀ ਤਾਕਤ ਹੁੰਦੀ ਹੈ। ਜੋ ਕਿਸੇ ਦਾ ਵੀ ਹਿਰਦਾ ਪਰਿਵਰਤਨ ਕਰ ਸਕਦਾ ਹੈ। ਪਿਆਰ ਦੇ ਜਜ਼ਬੇ ਦੇ ਹੁੰਦਿਆਂ ਇਨਸਾਨੀਅਤ ਜੀਉਂਦੀ ਰਹਿ ਸਕਦੀ ਹੈ। ਭਾਵੇਂ ਉਹ ਕੋਈ ਅੱਤਵਾਦੀ ਹੀ ਕਿਉਂ ਨਾ ਹੋਵੇ। ਇਸੇ ਲਈ ਅਨੀਤ ਵਿਚੋਂ ਨੀਲੂ ਦੀ ਝਲਕ ਪਾਕੇ ਅਜਨਬੀ ਦੇਵ ਤੋਂ ਬਦਲਾ ਲਏ ਬਿਨਾਂ ਚਲਿਆ ਜਾਂਦਾ ਹੈ। ਪਰ ਦੇਵ ਲਈ ਇਹ ਜਜ਼ਬਾ ਕੋਈ ਮਾਅਇਨੇ ਨਹੀਂ ਰਖਦਾ। ਉਹ ਸਗੋਂ ਅਨੀਤ ਉੱਪਰ ਸ਼ੱਕ ਕਰਦਾ ਹੈ ਤੇ ਉਸਨੂੰ ਹੀ ਉਹ ਅੱਤਵਾਦੀ ਦੀ ਪ੍ਰੇਮਿਕਾ ਵੀ ਆਖਦਾ ਹੈ। ਇਥੇ ਪਾਠਕਾਂ ਦੇ ਮਨ ਵਿਚ ਅੱਤਵਾਦੀ ਅਜਨਬੀ ਦੀ ਥਾਂ ਦੇਵ ਬਣ ਜਾਂਦਾ

ਹੈ। ਇਥੇ ਅੱਤ, ਅੱਤਵਾਦ ਅਤੇ ਅੱਤਵਾਦੀ ਸ਼ਬਦਾਂ ਦੇ ਅਰਥ ਆਪਣੇ ਸੰਦਰਭੀ ਅਰਥਾਂ ਨਾਲ ਦਵੰਦ ਵਿਚ ਨਜ਼ਰ ਆਉਂਦੇ ਹਨ। ਇਸਦੇ ਮੂਲ ਅਰਥ ਜੋ ਦਹਿਸ਼ਤ ਪੈਦਾ ਕਰਨ ਨਾਲ ਜੁੜ ਚੁੱਕੇ ਹਨ ਇਹ ਕਿਸੇ ਇਕ ਧਿਰ ਨਾਲ ਹੀ ਸੰਬੰਧਤ ਨਹੀਂ ਰਹਿ ਜਾਂਦੇ ਸਗੋਂ ਕਿਸੇ ਵੀ ਤਰ੍ਹਾਂ ਦੀ ਦਹਿਸ਼ਤ ਪੈਦਾ ਕਰਨ ਵਾਲੀ ਧਿਰ ਨਾਲ ਜੁੜ ਜਾਂਦੇ ਹਨ। ਜਿਵੇਂ:

"ਅਨੀਤ: ਟੈੱਰਰਿਸਟ ਕੌਣ ਹੁੰਦੈ? ਜੋ ਟੈਰਰ ਪੈਦਾ ਕਰਦਾ ਹੈ। ਭਾਵੇਂ ਕਾਨੂੰਨ ਤੋੜਨ ਲਈ ਤੇ ਭਾਵੇਂ ਕਾਇਮ ਕਰਨ ਲਈ। ਟੈਰਰ ਤਾਂ ਸਿਰਫ ਟੈਰਰ ਹੈ।

...ਤੁਸੀਂ ਮੇਰੇ ਅੰਦਰ ਦਹਿਸ਼ਤ ਪੈਦਾ ਕਰ ਰਹੇ ਹੋ ਦੇਵ।

ਦੇਵ: ਤਾਂ ਤੇਰੀ ਨਜ਼ਰ ਵਿਚ ਮੈਂ ਇਕ ਅੱਤਵਾਦੀ ਹਾਂ।

ਅਨੀਤ: (ਸਿੱਧੇ ਤੇ ਸਪਾਟ ਲਹਿਜ਼ੇ ਵਿਚ) ਕੋਈ ਫਰਕ ਨਹੀਂ ਹੈ।"

ਨਾਟਕ ਦੇ ਅੰਤ ਵਿਚ ਪਿਆਰ ਦਾ ਇਹੋ ਜਜ਼ਬਾ ਆਪਣੇ ਹੋਰ ਡੂੰਘੇ ਰੂਪ ਵਿਚ ਸਾਹਮਣੇ ਆਉਂਦਾ ਹੈ ਜਦ ਅਨੀਤ ਦਾ ਨੀਲੂ ਦੇ ਕਿਰਦਾਰ ਵਿਚ ਰੂਪਾਂਤਰਣ ਹੋ ਜਾਂਦਾ ਹੈ ਤੇ ਉਹ ਅੱਤਵਾਦੀ ਦੀ ਪ੍ਰੇਮਿਕਾ ਵਾਂਗ ਉਸਦਾ ਅਧੂਰਾ ਕੰਮ ਪੂਰਾ ਕਰਦੀ ਨਜ਼ਰ ਆਉਂਦੀ ਹੈ। ਕਿਉਂਕਿ ਦੇਵ ਜੋ ਸ਼ੱਕ ਅਤੇ ਗੁੱਸੇ ਵਿਚ ਭਰਿਆ ਆਪਣੇ ਸਾਰੇ ਮਾੜੇ ਕੰਮਾਂ ਨੂੰ ਕਬੂਲ ਵੀ ਕਰਦਾ ਹੈ ਤੇ ਹੰਕਾਰ ਵਿਚ ਉਸਨੂੰ ਠੀਕ ਵੀ ਕਹਿੰਦਾ ਹੈ ਇਸ ਲਈ ਅਨੀਤ ਇਸ ਤਰ੍ਹਾਂ ਦੇ ਰਵੱਈਏ ਤੋਂ ਦੁਖੀ ਹੋਕੇ ਉਸ ਨਾਲ ਨਫਰਤ ਕਰਨ ਲਗਦੀ ਹੈ ਤੇ ਉਸਦਾ ਨੀਲੂ ਵਿਚ ਰੂਪਾਂਤਰਣ ਮੁਕੰਮਲ ਹੋ ਜਾਂਦਾ ਹੈ। ਉਸਨੂੰ ਅਜਨਬੀ ਦੀਆਂ ਗੱਲਾਂ ਉੱਪਰ ਵਧੇਰੇ ਭਰੋਸਾ ਹੋਣ ਲਗਦਾ ਹੈ ਤੇ ਉਹ ਅੰਤਮ ਨਿਰਣਾ ਅਜਨਬੀ ਟੈੱਰਰਿਸਟ ਦੇ ਹੱਕ ਵਿਚ ਲੈਂਦੀ ਹੈ। ਆਪਣੇ ਪਤੀ ਦੇਵ ਨੂੰ ਜ਼ਹਿਰ ਵਾਲਾ ਦੁੱਧ ਪਿਲਾ ਕੇ ਮਾਰ ਦਿੰਦੀ ਹੈ ਤੇ ਟੈੱਰਰਿਸਟ ਦਾ ਅਧੂਰਾ ਕੰਮ ਪੂਰਾ ਕਰਦੀ ਹੈ।

ਇਸ ਤਰ੍ਹਾਂ ਅਸੀਂ ਵੇਖਿਆ ਕਿ ਨਾਟਕਕਾਰ ਨੇ ਅੱਤਵਾਦ ਦੇ ਜਿਸ ਸ਼ੰਵੇਦਨਸ਼ੀਲ ਵਿਸ਼ੇ ਨੂੰ ਆਪਣੇ ਨਾਟਕ ਦਾ ਆਧਾਰ ਬਣਾਇਆ ਹੈ ਉਹ ਉਸ ਨੂੰ ਬਹੁਤ ਸਫਲਤਾ ਨਾਲ ਪੇਸ਼ ਵੀ ਕਰਦਾ ਹੈ। ਨਾਟਕੀ ਪੇਸ਼ਕਾਰੀ ਦੀਆਂ ਵਿਧੀਗਤ ਖ਼ੂਬੀਆਂ ਦੇ ਨਾਲ ਨਾਲ ਵਿਸ਼ੇ ਦੇ ਸੰਦਰਭ ਵਿਚ ਹੈ ਇਹ ਨਾਟਕ, ਆਪਣੇ ਸਰੋਕਾਰਾਂ ਨਾਲ ਪੂਰਾ ਨਿਆਂ ਕਰਦਾ ਹੈ ਤੇ ਇਸ ਸਮੱਸਿਆ ਦੇ ਅਣਕਹੇ ਪਹਿਲੂਆਂ ਨੂੰ ਗੰਭੀਰਤਾ ਨਾਲ ਉਜਾਗਰ ਕਰਨ ਵਿਚ ਪੂਰੀ ਤਰ੍ਹਾਂ ਸਫਲ ਹੁੰਦਾ ਹੈ।